ਇਕ ਬਖਸ਼ੀਸ਼ ਸਿੰਘ ਦੇ ਇਸ ਖੁੱਲੇ ਖਤ ਦੀ ਕਾਪੀ ਮਿਲੀ: ਗੁਰਸਿਖ ਕਾਫਲੇ ਨੂੰ

# ਸਪੋਕਸਮੈਨ ਦੇ ਐਡੀਟਰ ਜੋਗਿੰਦਰ ਸਿੰਘ ਨੂੰ ਖੁੱਲੀ ਚਿੱਠੀ

ਸ. ਜੋਗਿੰਦਰ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕਾ ਫ਼ਤਹਿ॥

ਪਿਛਲੇ ਕਾਫ਼ੀ ਦਿਨਾਂ ਤੋਂ ਉਹਾਨੂੰ ਕੁਝ ਲਿਖਣ ਦਾ ਮਨ ਕੀਤਾ, ਪਰ ਅੱਜ ਜਦੋਂ ਪਾਣੀ ਸਿਰ ਉਪਰੋਂ ਦੀ ਨਿਕਲ ਗਿਆ, ਤਾਂ ਸੋਚਿਆ ਕਿ ਕੁਝ ਲਿਖਾਂ।

ਪਿਛਲੇ ਕੁਛ ਸਮੇਂ ਤੋਂ ਸਪੋਕਸਮੈਨ ਵਿੱਚ ਕੁਝ ਵਿਸੇਸ਼ ਕਾਰਣਾਂ ਕਰਕੇ, ਜੋ ਅੱਜ ਦੇ ਪੰਥਕ ਹਾਲਾਤ ਹਨ, ਉਸਨੂੰ ਜਾਣ-ਬੁਝ ਕੇ ਨਾ ਛਾਪਣਾ, ਖ਼ਾਸ ਕਰ ਕੇ ਪ੍ਰੋ. ਦਰਸ਼ਨ ਸਿੰਘ ਨਾਲ ਸੰਬੰਧਤ ਖਬਰਾਂ, ਇੱਕ ਡੂੰਗੀ ਸਾਜਿਸ਼ ਦਾ ਹਿੱਸਾ ਜਾਪਦਾ ਹੈ। ਪਹਿਲਾਂ ਤਾਂ ਹਰ ਇੱਕ ਖਬਰ ਨੂੰ ਖਾਸ ਤਵੱਜੋ ਦਿੱਤੀ ਜਾਂਦੀ ਸੀ, ਪਰ ਪਿਛਲੇ ਕੁਛ ਸਮੇਂ ਤੋਂ ਉਨ੍ਹਾਂ ਦੀਆਂ ਖਬਰਾਂ ਦਾ ਬਲੈਕ ਆਊਟ ਕਰਨਾ, ਉਹਨਾਂ ਪਿਛੇ ਕੁਝ ਤੌਖਲਾ ਜਾਪਦਾ ਹੈ ਕਿ ਪੰਥਕ ਅਖਵਾਉਣ ਵਾਲੀ ਅਖਬਾਰ ਦਾ ਇਹ ਹਾਲ!!!

੨੯ ਜਨਵਰੀ ਦੇ ਕੂੜਮਨਾਮੇ ਤੋਂ ਬਾਅਦ ਪ੍ਰੋ. ਦਰਸ਼ਨ ਸਿੰਘ ਨੇ ਫ਼ਰੀਦਾਬਾਦ, ਬਰੇਲੀ, ਬਠਿੰਡਾ, ਸਹਾਰਨਪੁਰ, ਚੰਡੀਗੜ੍ਹ, ਜੰਮੂ, ਦਿੱਲੀ, ਰੋਪੜ, ਦੇਹਰਾਦੂਨ ਆਦਿ ਕਈ ਸ਼ਹਿਰਾਂ ਵਿੱਚ ਕੀਰਤਨ ਸਮਾਗਮਾਂ ਵਿੱਚ ਹਾਜ਼ਰੀ ਭਰੀ। ਇਨ੍ਹਾਂ ਸਮਾਗਮਾਂ ਦੀ ਇੱਕ ਵੀ ਖ਼ਬਰ ਸਪੋਕਸਮੈਨ ਵਿੱਚ ਨਹੀਂ ਛਪੀ।

ਹੁਣ ੭ ਮਾਰਚ ਦੇ ਅਖਬਾਰ ਵਿੱਚ ਜੋਗਿੰਦਰ ਸਿੰਘ, ਤੁਸੀਂ ਹੱਦ ਕਰ ਦਿੱਤੀ। ਅਪਣੀ ਤਾਰੀਫ਼ ਅਤੇ ਉਸਤਤ ਸੁਨਣ ਦੇ ਸ਼ੌਕੀਨ ਜੋਗਿੰਦਰ ਸਿੰਘ, ਤੁਸੀਂ ਕਈ ਐਸੇ ਇਲਜ਼ਾਮ ਪ੍ਰੋ. ਦਰਸ਼ਨ ਸਿੰਘ ਤੇ ਲਗਾਏ, ਜੋ ਨਿਰਾਧਾਰ ਅਤੇ ਫ਼ਜ਼ੂਲ ਹਨ। ਕੋਈ ਸਬੂਤ ਹੈ ਕਿ ਪ੍ਰੋ. ਦਰਸ਼ਨ ਸਿੰਘ ਨੇ ਗਾਲ਼ਾਂ ਕੱਡੀਆਂ ਹੋਣ? ਪ੍ਰੋ. ਦਰਸ਼ਨ ਸਿੰਘ ਨੇ ਕਦੇ ਵੀ ਸਪੋਕਸਮੈਨ ਦੇ ਖਿਲਾਫ਼ ਕੋਈ ਅਪਸ਼ਬਦ ਨਹੀਂ ਕਹੇ, ਸਗੋਂ ਇਸਦਾ ਜ਼ਿਕਰ ਕਈ ਵਾਰੀ ਕੀਤਾ ਹੈ, ਜਿਸਦਾ ਸਬੂਤ ਸਪੋਕਸਮੈਨ ਵਿੱਚ ੧੫ ਫ਼ਰਵਰੀ ੨੦੧੦ ਨੂੰ ਲੱਗੀ ਖ਼ਬਰ ਹੈ।

ਪ੍ਰੋ. ਦਰਸ਼ਨ ਸਿੰਘ ਦਾ ਸਿਰਫ ਇਨਾਂ ਕਸੂਰ ਹੈ ਕਿ ਤੁਹਾਡੀ ਬਣਾਈ ਹੋਈ "ਏਕਸ ਕੇ ਬਾਰਕ" ਦੇ ਮੈਂਬਰ ਬਨਣ ਨੂੰ ਤਿਆਰ ਨਹੀਂ। ਜਿਸਦੇ ਕੁਝ ਕਾਰਣ ਹਨ -

੧. ਏਕਸ ਕੇ ਬਾਰਕ ਦਾ ਮੁੱਖ ਟੀਚਾ ਗੁਰੂ ਨਾਨਕ ਸਾਹਿਬ ਵਲੋਂ ਲਿਖੀ ਪੋਥੀ ਲਭਣੀ, ਜੋ ਕਿ ਤੁਸੀਂ ਮੰਨਦੇ ਹੋ ਕਿ, ਉਹੀ ਅਸਲੀ ਬਾਣੀ ਹੈ, ਬਾਕੀ ਨਹੀਂ।
੨. ਏਕਸ ਕੇ ਬਾਰਕ ਸੰਸਥਾ ਦੇ ਮੁਢਲੇ ਮੈਂਬਰਾਂ ਵਿੱਚ ਖੁਸ਼ਵੰਤ ਸਿੰਘ ਅਤੇ ਚੇਲਾ ਰਾਮ ਸਿੰਧੀ ਵਰਗੇ ਸਿੱਖ ਵਿਰੋਧੀ ਸ਼ਖਸ ਹਨ।
੩. ਤੁਹਾਡਾ, ਗੁਰੂ ਨਾਨਕ ਸਾਹਿਬ ਤੋਂ ਸਿਵਾ ਬਾਕੀ ਗੁਰੂ ਸਾਹਿਬਾਨਾਂ ਤੇ ਵਿਸ਼ਵਾਸ ਨਹੀਂ
੪. ਤੁਹਾਡਾ, ਦਾ ਖੰਡੇ ਦੀ ਪਾਹੁਲ ਤੇ ਵਿਸ਼ਵਾਸ ਨਹੀਂ

ਇਹਨਾਂ ਕੁਝ ਕਾਰਣਾਂ ਕਰਕੇ ਪ੍ਰੋ. ਦਰਸ਼ਨ ਸਿੰਘ ਏਕਸ ਕੇ ਬਾਰਕ ਦੇ ਮੈਂਬਰ ਬਨਣ ਨੂੰ ਤਿਆਰ ਨਹੀਂ, ਜੋ ਜੋਗਿੰਦਰ ਸਿੰਘ ਨੂੰ ਚੁਭਦਾ ਹੈ। ਤੁਸੀਂ ਤਖ਼ਤਾਂ ਦੇ ਜਥੇਦਾਰਾਂ ਨੂੰ ਪੁਜਾਰੀ ਕਹਿਣਾ ਸ਼ੁਰੂ ਕੀਤਾ, ਸਿੱਖੀ ਵਿੱਚ ਨਾ ਕਿਸੇ ਜਥੇਦਾਰ ਦੀ ਕੋਈ ਥਾਂ

ਹੈ, ਨਾ ਹੀ ਹੋਣੀ ਚਾਹੀਦੀ ਹੈ। ਅਸੀਂ ਵੀ ਇਸ ਪ੍ਰੰਪਰਾ ਦੇ ਹਾਮੀ ਨਹੀਂ, ਪਰ ਜਿਸ ਤਰ੍ਹਾਂ "ਪੂਜਾਰੀ" ਸ਼ਬਦ ਦਾ ਦੁਰੁਪਯੋਗ ਕੀਤਾ ਜਾ ਰਿਹਾ ਹੈ, ਉਹ ਗਲਤ ਹੈ। ਗੁਰਬਾਣੀ ਤਾਂ ਕਹਿੰਦੀ ਹੈ "*ਠਾਕੁਰ ਕਾ ਸੇਵਕ ਸਦਾ ਪੂਜਾਰੀ*"। ਪੂਜਾਰੀ ਉਹ ਹੈ ਜੋ ਪ੍ਰਮਾਤਮਾ ਦੀ ਪੂਜਾ ਕਰੇ। ਜੋ ਕੰਮ ਜਥੇਦਾਰ ਕਰ ਰਹੇ ਨੇ, ਉਹ ਗਲਤ ਹੈ।

ਪ੍ਰੋ. ਦਰਸ਼ਨ ਸਿੰਘ ਦੇ ਤਨਖਾਹੀਆ ਘੋਸ਼ਿਤ ਹੋਣ ਅਤੇ ੫ ਦਿਸੰਬਰ ੨●●੯ ਨੂੰ ਸ੍ਰੀ ਅਕਾਲ ਤਖ਼ਤ ਤੇ ਪੇਸ਼ ਹੋਣ ਸਮੇਂ ਵੀ ਤੁਸੀਂ ਆਪਣੀਆਂ ਸੰਪਾਦਕੀ ਲੇਖਾਂ ਵਿੱਚ ਪ੍ਰੋ. ਦਰਸ਼ਨ ਸਿੰਘ ਨੂੰ ਭਟਕਾਉਣ ਦੀ ਕੋਸ਼ਿਸ਼ ਕੀਤੀ, ਜੋ ਸਫ਼ਲ ਨਾ ਰਹੀ। ਹੁਣ ਪ੍ਰੋ. ਦਰਸ਼ਨ ਸਿੰਘ ਦੇ ਕਾਲਕਾ ਪੰਥ 'ਚੋਂ ਛੇਕਣ ਮਗਰੋਂ, ਜੋਗਿੰਦਰ ਸਿੰਘ ਤੁਸੀਂ ਫ਼ਿਰ ਆਪਣੇ ਸ਼ਾਤਿਰ ਦਿਮਾਗ ਤੋਂ ਚਾਲਾਂ ਚਲੀਆਂ, ਜੋ ਕਾਮਯਾਬ ਨਾ ਹੋਈਆਂ। ਬਾਦਲ ਵਲੋਂ ਮਿਲੇ ਕੁਝ ਇਸ਼ਤਿਹਾਰਾਂ ਨੇ ਸੋਚ ਅਤੇ ਰਾਹ ਬਦਲ ਦਿੱਤੇ। ਬਾਦਲ ਨੇ ਇਹ ਕਰਤਾ, ਬਾਦਲ ਉਹ ਕਰਤਾ, ਬਾਦਲ ਬੀਮਾਰ ਹੋ ਗਏ, ਇਹ ਖਬਰਾਂ ਜ਼ਿਆਦਾ ਮਹੱਤਵਪੂਰਣ ਨੇ ਕਿ ਪੰਥਕ ਖਬਰਾਂ। ਸਪੋਕਸਮੈਨ ਦਾ ਤੇ ਅਜੀਤ ਅਖ਼ਬਾਰ ਦਾ ਕੀ ਫ਼ਰਕ ਰਹਿ ਗਿਆ। ਬਾਦਲ ਸਰਕਾਰ ਤੇ ਅਖੌਤੀ ਜਥੇਦਾਰਾਂ ਨੇ ਪ੍ਰੋ. ਦਰਸ਼ਨ ਸਿੰਘ 'ਤੇ ਕੀਰਤਨ ਸਮਾਗਮਾਂ ਤੇ ਰੋਕ ਲਾ ਦਿੱਤੀ, ਸਪੋਕਸਮੈਨ ਨੇ ਉਨ੍ਹਾਂ ਦੀਆਂ ਖ਼ਬਰਾਂ ਤੇ। ਕੀ ਫ਼ਰਕ ਹੈ ਬਾਦਲ ਤੇ ਜੋਗਿੰਦਰ ਸਿੰਘ ਵਿੱਚ?

●੭ ਮਾਰਚ ੨●੧● ਦੇ ਸਪੋਕਸਮੈਨ ਵਿੱਚ ਫ਼ਿਰ ਇੱਕ ਸ਼ੁਰਲੀ ਛੱਡ ਦਿੱਤੀ ਕਿ ਪ੍ਰੋ. ਦਰਸ਼ਨ ਸਿੰਘ ਦਾ ਪੁਜਾਰੀਆਂ ਨਾਲ ਸਮਝੌਤਾ ਹੋ ਗਿਆ ਹੈ। ਭਲੇ ਮਾਲਸਾ, ਜੇ ਸਮਝੌਤਾ ਹੀ ਕਰਨਾ ਹੁੰਦਾ ਤਾਂ ਪੰਥ 'ਚੋਂ ਛੇਕ ਹੀ ਕਿਉਂ ਹੁੰਦੇ? ਸਿਰਫ਼ ਆਪਣੀ ਸੋਚ ਨੂੰ ਅਗੇ ਰੱਖਣਾ ਜਾਂ ਸਨਸਨੀ ਖੇਜ਼ ਖਬਰਾਂ ਲਾ ਕੇ ਅਖਬਾਰ ਨਾ ਚਲਾਓ। ਜੋਗਿੰਦਰ ਸਿੰਘ, ਇਹ ਸੋਚਣਾ ਕਿ ਜੋ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਜਾਂ ਜੋਗਿੰਦਰ ਸਿੰਘ ਦੀ ਸੋਚ ਨਾਲ ਨਾ ਚਲੇ, ਉਹ ਸਿੱਖ ਹੀ ਨਹੀਂ। ਇਹ ਇੱਕ ਵੱਡਾ ਭੁਲੇਖਾ ਹੈ।

ਪ੍ਰੋ. ਦਰਸ਼ਨ ਸਿੰਘ ਨੂੰ ਸਪੋਕਸਮੈਨ ਨੇ ਲੋਕਾਂ ਤਕ ਨਹੀਂ ਪਹੁੰਚਾਇਆ, ਉਹ ਤਾਂ ਪਿਛਲੇ ੩●-੪● ਸਾਲਾਂ ਤੋਂ ਗੁਰਮੱਤਿ ਪ੍ਰਚਾਰ ਵਿੱਚ ਲੱਗੇ ਹੋਏ ਹਨ, ਸਪੋਕਸਮੈਨ ਅਜੇ ਥੋੜੇ ਸਾਲ ਪਹਿਲਾਂ ਆਇਆ ਹੈ, ਅਜੇ ਬੱਚਾ ਹੈ। ਪ੍ਰੋ. ਦਰਸ਼ਨ ਸਿੰਘ ਦੀਆਂ ਖ਼ਬਰਾਂ ਲਾਕੇ ਅਖਬਾਰ ਚਲਾਉਣ ਵਾਲਿਆ, ਹੁਣ ਉਹਨਾਂ ਨੂੰ ਹੀ ਅੱਖਾਂ ਦਿਖਾਂਉਦੇ ਹੋ। ਜੋਗਿੰਦਰ ਸਿੰਘ ਬੱਚਿਆਂ ਵਾਲੀਆਂ ਗਲਾਂ ਨਾ ਕਰੋ। ਤੱਤ ਗੁਰਮਤਿ ਦਾ ਮੋਹਰੀ ਹੋਣ ਦਾ ਦਾਅਵਾ ਕਰਣ ਲਗਿਆਂ ਇਹ ਭੁੱਲ ਜਾਂਦੇ ਹੋ ਕਿ ਸੱਚ ਦਾ ਸਾਥ ਦੇ ਕੇ ਕੋਈ ਅਹਿਸਾਨ ਨਹੀਂ ਕਰ ਰਹੇ। ਪ੍ਰੋ. ਦਰਸ਼ਨ ਸਿੰਘ ਜਿਨ੍ਹਾਂ ਨੇ ੧੯੮੪ ਅਤੇ ਉਸਤੋਂ ਬਾਅਦ ਦੇ ਭਿਅੰਕਰ ਸਮੇਂ ਵਿੱਚ ਵੀ ਸੱਚ ਦਾ ਸਾਥ ਨਾ ਛਡਿਆ, ਆਪਣੇ ਪਰਿਵਾਰ ਦਾ ਫ਼ਿਕਰ ਕਰੇ ਬਗੈਰ ਪੰਥਕ ਨਿਸ਼ਾਨਾ ਅਗੇ ਰੱਖਿਆ, ਉਸ ਸ਼ਖਸ ਉੱਤੇ ਸਮਝੌਤਿਆਂ ਦੀ ਤੋਹਮਤ ਲਗਾਉਣੀ, ਜੋਗਿੰਦਰ ਸਿੰਆ ਨਾਸਮਝੀ ਹੈ, ਬੇਵਕੂਫੀ ਹੈ। ਸਮਝੌਤੇ ਕਮਜ਼ੋਰ ਕਰਦੇ ਹਨ, ਜਿਨਾਂ ਨੂੰ ਇਸ਼ਤਿਹਾਰਾਂ ਦੇ ਲੋੜ ਹੋਵੇ, ਲੋਕਾ ਦੇ ਚੰਦਿਆਂ ਦੀ ਲੋੜ ਹੋਵੇ, ਸੱਚ ਤੇ ਚਲਣ ਵਾਲਿਆਂ ਨੂੰ ਨਹੀਂ। ਸਪੋਕਸਮੈਨ ਤੋਂ ਬਗੈਰ ਵੀ ਦੁਨੀਆਂ ਵਿੱਚ ਸਭ ਨੂੰ ਪਤਾ ਹੈ ਕਿ ਦੁਨਿਆ ਵਿੱਚ ਕੀ ਹੋ ਰਿਹਾ ਹੈ। ਇਹ ਇੰਟਰਨੈਟ, ਕਮਿਉਨੀਕੇਸ਼ਨ ਦਾ ਯੁਗ ਹੈ, ਕਿਸੀ ਭੁਲੇਖੇ ਵਿੱਚ ਨਾ ਰਹਿਉ, ਡੱਡੂ ਨੂੰ ਛਪੜ ਹੀ ਸਮੁੰਦਰ ਲਗਦਾ ਹੈ।

ਇੱਕ ਹੋਰ ਗੱਲ, ਅਲੈਕਸਾ ਵੈਬ ਸਾਈਟ ਦੀਆਂ ਖਬਰਾਂ ਲਾਕੇ ਵੱਡੇ ਭੁਲੇਖੇ ਪਾਉਣਾ, ਜੋ ਕਿ ਪੜੇ-ਲਿਖੇ ਲੋਕਾਂ, ਕੰਪਯੁਟਰ ਮਾਹਿਰਾਂ ਨੂੰ ਪਤਾ ਹੈ ਕਿ, ਉਸ ਸਾਇਟ ਨੂੰ ਕਿਸ ਤਰ੍ਹਾਂ ਪੜਨਾ ਹੈ। ਬਾਉਂਸ ਰੇਟ ਨੂੰ ਵਧੀਆ ਸਮਝਣਾ, ਹਾਸੋਹੀਣੀ ਗਲ ਹੈ, ਆਮ ਲੋਕਾਂ ਨੂੰ ਤਾਂ ਮੂਰਖ ਬਣਾਇਆ ਜਾ ਸਕਦਾ ਹੈ, ਪਰ ਪੜੇ-ਲਿਖਿਆਂ ਨੂੰ ਨਹੀਂ। ਜਿਨਾਂ ਬਾਉਂਸ ਰੇਟ ਘਟ ਹੋਵੇਗਾ, ਉਨਾਂ ਚੰਗਾ ਹੁੰਦਾ ਹੈ। ਇਥੇ ਅਸੀਂ ਅਜੀਤ ਅਖਬਾਰ ਦੀ ਕੋਈ ਤਰਫ਼ਦਾਰੀ ਨਹੀਂ ਕਰ ਰਹੇ, ਸਗੋਂ ਤੁਹਾਡੀ ਦਿੱਤੀ ਹੋਈ ਖਬਰ ਦੀ ਸਾਰ ਲੈ ਰਹੇ ਹਾਂ।

ਹਰ ਰੋਜ਼ ਲੋਕਾਂ ਦੀਆਂ ਖੁਸ਼ਾਮਦੀ ਭਰੀਆਂ ਖਬਰਾਂ ਲਗਾਉਣੀਆਂ, ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ, ਇਸ ਤੋਂ ਪਤਾ ਲਗਦਾ ਹੈ ਕਿ ਜੋਗਿੰਦਰ ਸਿੰਘ ਨੂੰ ਕੀ ਚੰਗਾ ਲਗਦਾ, ਚਾਪਲੂਸੀ, ਇਹੀ ਪ੍ਰੋ. ਦਰਸ਼ਨ ਸਿੰਘ ਕੋਲੋਂ ਭਾਲਦਾ ਏ। ਸਪੋਕਸਮੈਨ ਨੇ ਖਬਰਾਂ ਲਾਈਆਂ, ਸਾਥ ਦਿੱਤਾ, ਕੀ ਅਹਿਸਾਨ ਕੀਤਾ? ਖਬਰਾਂ ਦੇਣੀਆਂ ਅਖਬਾਰ ਦਾ ਕੰਮ ਹੈ। ਸੱਚ ਦੇ ਮਾਰਗ ਉਪਰ, ਸਿੱਖੀ ਵਿੱਚ ਫ਼ੈਲੇ ਬ੍ਰਾਹਮਣਵਾਦ ਨੂੰ ਹਟਾਉਣ ਵਾਸਤੇ ਹਰ ਕਿਸੇ ਦਾ ਯੋਗਦਾਨ ਚਾਹੀਦੈ। ਪ੍ਰਚਾਰਕਾਂ, ਕੀਰਤਨੀਆਂ, ਅਖਬਾਰਾਂ ਸਭ ਦਾ। ਹੁਣ

ਅਸੀਂ ਇਸ ਕਰਕੇ ਕਿਸੀ ਦੀ ਖਬਰ ਲਾਉਣੀ ਬੰਦ ਕਰ ਦੇਈਏ, ਕਿ ਫ਼ਲਾਣਾ ਸਾਡਾ ਧੰਨਵਾਦ ਨਹੀਂ ਕਰਦਾ, ਸਾਨੂੰ ਮਿਲਣ ਨਹੀਂ ਆਂਉਂਦਾ। ਪ੍ਰਧਾਨਮੰਤ੍ਰੀ ਦੀਆਂ, ਬਾਦਲ ਦੀਆਂ ਹੋਰ ਲੋਕਾਂ ਦੀਆਂ ਖਬਰਾਂ ਲਗਦੀਆਂ ਹਨ, ਕਿਨਾਂ ਕੁ ਉਹ ਤੁਹਾਡਾ ਧੰਨਵਾਦ ਕਰਦੇ ਨੇ, ਕਿਨਾਂ ਕੁ ਮਿਲਣ ਆਂਉਦੇ ਨੇ? ਹੁਣ ਸ਼ੋਮਣੀ ਕਮੇਟੀ, ਬਾਦਲ ਸਪੋਕਸਮੈਨ ਨੂੰ ਇਸ਼ਤਿਹਾਰ ਕੀ ਦੇਣ ਲਗ ਪਏ, ਸੁਰ ਹੀ ਬਦਲ ਗਈ। ਕੀ ਮੱਕੜ, ਬਾਦਲ ਤੁਹਾਡੀ ਚਾਪਲੂਸੀ ਕਰਦੇ ਹਨ? ਓ ਭਲੇ ਮਾਲਸਾ, ਨੇਕੀ ਕਰ ਖੂਹ ਵਿੱਚ ਸਿੱਟ, ਨਾ ਕਿ ਨੇਕੀ ਕਰ ਢਿੰਡੋਰਾ ਪਿਟ।

ਇਸ ਪੁਰੇ ਘਟਨਾਕ੍ਰਮ ਵਿੱਚ ਸਪੋਕਸਮੈਨ ਨੂੰ ਵਿੱਤੀ ਫ਼ਾਇਦਾ ਵੀ ਹੋਇਆ ਹੈ। ਦਸੰਬਰ ੨੦੦੯ ਤੋਂ ਲੈਕੇ ਜਨਵਰੀ ੨੦੧੦ ਖਤਮ ਹੋਣ ਤੱਕ ਕਿੰਨੇ ਹੀ ਪੰਥ ਦਰਦੀਆਂ ਵਲੋਂ, ਜਸਜੀਤ ਸਿੰਘ ਟੋਨੀ ਵਲੋਂ, ਕੈਨੇਡਾ, ਅਮਰੀਕਾ, ਯੂਰਪ, ਹਿੰਦੋਸਤਾਨ ਦੀਆਂ ਸਿੱਖ ਸੰਸਥਾਵਾਂ ਵਲੋਂ ਅਤੇ ਖੁਦ ਪ੍ਰੋ. ਦਰਸ਼ਨ ਸਿੰਘ ਵਲੋਂ ਸਪੋਕਸਮੈਨ ਨੂੰ ਬੇਹਿਸਾਬ ਇਸ਼ਤਿਹਾਰ ਦਿੱਤੇ ਗਏ।ਤੁਸੀਂ ਇਸ਼ਤਿਹਾਰ ਕੋਈ ਮੁਫ਼ਤ ਨਹੀਂ ਛਾਪੇ। ਸਪੋਕਸਮੈਨ ਨੂੰ ਬਾਕੀ ਅਖਬਾਰਾਂ ਨਾਲੋਂ ਜਿਆਦਾ ਇਸ਼ਤਿਹਾਰ ਦਿੱਤੇ ਗਏ, ਕਿਉਂ, ਇਸ ਕਰਕੇ ਕਿ ਪੰਥ ਦੀ ਸੇਵਾ ਅਤੇ ਸੱਚ ਦਾ ਸਾਥ ਦੇ ਰਿਹਾ ਹੈ। ਜੇ ਪੈਸੇ ਦੇਕੇ ਕੰਮ ਕਰਵਾਉਣਾ ਹੈ, ਤਾਂ ਕਿਸੇ ਕੋਲੋਂ ਵੀ ਕਰਵਾਇਆ ਜਾ ਸਕਦਾ ਹੈ। ਖਬਰਾਂ - ਇਸ਼ਤਿਹਾਰ ਤਾਂ ਅਜੀਤ ਜਲੰਧਰ, ਪੰਜਾਬ ਕੇਸਰੀ / ਜਗਬਾਣੀ, ਟ੍ਰਿਬਯੁਨ, ਸੱਚ ਦੀ ਪਟਾਰੀ ਨੇ ਵੀ ਛਾਪੇ, ਪੇਸੇ ਲੈਕੇ ਛਾਪੇ, ਇਸ ਵਿੱਚ ਅਹਿਸਾਨ ਕਾਹਦਾ।

ਜੋਗਿੰਦਰ ਸਿੰਘ ਤੁਹਾਂਨੂੰ ਇਹ ਵੀ ਚੁਭਦਾ ਹੈ, ਕਿ ਦਸਮ ਗ੍ਰੰਥ ਮੁੱਦੇ ਦਾ ਸਾਰਾ ਕ੍ਰੈਡਿਟ ਪ੍ਰੋ. ਦਰਸ਼ਨ ਸਿੰਘ ਨੂੰ ਮਿਲ ਰਿਹੈ, ਜੋਗਿੰਦਰ ਸਿੰਘ / ਕਾਲਾ ਅਫ਼ਗਾਨਾ ਨੂੰ ਕਿਸੇ ਪੁਛਿਆ ਈ ਨਹੀਂ। ਹੈਂ.......ਇਹ ਤੁਹਾਨੂੰ ਕਿਵੇਂ ਮੰਜ਼ੂਰ। ਇਸ ਕਰਕੇ ਹੁਣ ਨਵੀਂ ਖੇਡ ਖੇਡੋ, ਪ੍ਰੋ. ਦਰਸ਼ਨ ਸਿੰਘ ਦਾ ਭੰਡੀ ਪ੍ਰਚਾਰ ਕਰੋ।

ਸੱਚ ਦੇ ਮਾਰਗ 'ਤੇ ਚਲਦਿਆਂ ਸਾਰੀ ਉਮਰ ਲੰਘ ਗਈ, ਕਈ ਆਏ, ਕਈ ਗਏ, ਕਈ ਪ੍ਰਚਾਰਕ ਵਿਕੇ, ਕਈ ਅਖਬਾਰ ਵਿਕੇ, ਪ੍ਰੋ. ਦਰਸ਼ਨ ਸਿੰਘ ਨੂੰ ਕੋਈ ਫ਼ਰਕ ਨਹੀਂ ਪੈਣਾ, ਇਹ ਸਾਡਾ ਵਿਸ਼ਵਾਸ ਹੈ। ਤੁਹਾਡੇ ਲਿਖੇ ਮੁਤਾਬਿਕ "ਪ੍ਰੋ. ਦਰਸ਼ਨ ਸਿੰਘ ਦੇ ਸਿੱਖ", ਇਕ ਗਲ ਸਾਫ਼ ਕਰ ਦੇਣੀ ਬਣਦੀ ਹੈ, ਸਿੱਖ ਸਿਰਫ਼ ਗੁਰੂ ਦਾ ਹੁੰਦਾ ਹੈ, ਪ੍ਰੋ. ਦਰਸ਼ਨ ਸਿੰਘ ਸੱਚ ਦਾ ਪਾਂਧੀ ਹੈ, ਗੁਰੂ ਦਾ ਸਿੱਖ ਹੈ, ਹੋਰ ਵੀ ਕਈ ਪ੍ਰਚਾਰਕ ਉਨ੍ਹਾਂ ਵਰਗੇ ਹੈਨ, ਸਾਡਾ ਇਹਨਾਂ ਪ੍ਰਚਾਰਕਾਂ ਦਾ ਸਾਥ ਦੇਣਾ, ਸਾਡੀ ਡਿਉਟੀ ਹੈ, ਕੋਈ ਅਹਿਸਾਨ ਨਹੀਂ।

ਸਪੋਕਸਮੈਨ ਨੇ ਬਹੁਤ ਕੁਝ ਸਵਾਰਿਆ ਹੈ, ਬਹੁਤ ਵਧੀਆ ਕੰਮ ਕੀਤੇ ਹਨ, ਪਰ ਹਉਮੇ ਵਿੱਚ ਆਕੇ, ਕੀਤਾ ਕਰਾਇਆ ਖੂਹ ਵਿੱਚ ਨਾ ਪਵੇ, ਇਸ ਲਈ ਇਹ ਸਾਰਾ ਕੁਝ ਲਿਖਣਾ ਮੁਨਾਸਿਬ ਸਮਝਿਆ। ਸਪੋਕਸਮੈਨ ਸਿੱਖੀ ਦੀ ਸੇਵਾ ਨਿਸਵਾਰਥ ਭਾਵ ਨਾਲ ਕਰੇ ਇਹ ਸਾਡੀ ਦੁਆ ਹੈ।

ਨੋਟ: ਇਸ ਮਿਲੇ ਖਤ ਦੀ ਕਾਪੀ ਵਾਰੇ ਵਿਚਾਰ ਖਤ ਭਾਈ ਬਖਸ਼ੀਸ਼ ਸਿੰਘ ਨੂੰ -ਵਲੋਂ ਗੁਰਸਿਖ ਕਾਫਲਾ: **Unter Antworten, auf Website: www.gursikhkafla.de**